ਵਾੜੀ: ਰੁੱਖ ਆਧਾਰਿਤ ਖੇਤੀ ਮਾਡਲ

ਬੀ.ਵੀ. ਸ਼ੇਰਕਰ ਅਤੇ ਆਰ. ਸੀ. ਕੋਂਟੇ

ਵਰਖਾ 'ਤੇ ਨਿਰਭਰ ਖੇਤੀ ਖਿੱਤਿਆਂ 'ਚ ਰੁੱਖ ਆਧਾਰਿਤ ਖੇਤੀ ਕਿਸਾਨਾਂ ਨੂੰ ਟਿਕਾਊ ਆਮਦਨ ਉਪਲਭਧ ਕਰਵਾਉਣ 'ਚ ਸਫਲ ਸਿੱਧ ਹੋਈ ਹੈ। ਮਹਾਰਾਸ਼ਟਰ ਦੇ ਕਈ ਇਲਾਕਿਆਂ ਵਿੱਚ ਖੇਤੀ ਦਾ ਇਹ ਮਾਡਲ ਵਣਵਾਸੀ ਪਰਿਵਾਰਾਂ ਦੀ ਵਰਤੋਂ ਰਹਿਤ ਜ਼ਮੀਨਾਂ ਨੂੰ ਅੰਬ ਅਤੇ ਕਾਜੂ ਦੀ ਕਾਸ਼ਤ ਵਾਲੀਆਂ ਉਪਜਾਊ ਜ਼ਮੀਨਾਂ ਵਿੱਚ ਬਦਲਣ 'ਚ ਸਹਾਈ ਹੋਇਆ ਹੈ।

ਭੈਂਦੀਪਾੜਾ 180 ਘਰਾਂ ਦਾ ਇੱਕ ਛੋਟਾ ਪਿੰਡ ਹੈ। ਕੁੱਲ ਜਨਸੰਖਿਆ ਪੱਖੋਂ ਪਿੰਡ ਵਿੱਚ ਲਗਪਗ 80% 'ਵਰਲੀ' ਵਣਵਾਸੀ ਅਤੇ 15% ਕਤਕਰੀ ਸਮੁਦਾਇ ਦੇ ਲੋਕ ਰਹਿੰਦੇ ਹਨ। ਕਿਸਾਨ ਔਸਤਨ 2.5 ਏਕੜ ਜ਼ਮੀਨ ਦੇ ਮਾਲਿਕ ਹਨ। ਮਾਨਸੂਨ ਦੌਰਾਨ ਜਿਆਦਾਤਰ ਕਿਸਾਨ ਚੌਲਾਂ ਦੇ ਨਾਲ-ਨਾਲ ਨਾਗਲੀ ਅਤੇ ਵਾਰਾਈ ਵਰਗੇ ਮੂਲ ਅਨਾਜਾਂ ਦੀ ਕਾਸ਼ਤ ਕਰਦੇ ਹਨ। ਬਾਕੀ ਦਾ ਸਮਾਂ ਇਹ ਲੋਕ ਆਪਣੇ ਜੀਵਨਯਾਪਨ ਲਈ ਜਾਂ ਤਾਂ ਜੰਗਲ ਦੀ ਉਪਜ 'ਤੇ ਨਿਰਭਰ ਕਰਦੇ ਹਨ ਤੇ ਜਾਂ ਫਿਰ ਕੰਮ ਦੀ ਤਲਾਸ਼ ਨੇੜਲੇ ਸ਼ਹਿਰਾਂ 'ਚ ਪਰਵਾਸ ਕਰ ਜਾਂਦੇ ਹਨ।

ਬੀ.ਏ. ਆਈ. ਐਫ. ਡਿਵੈਲਪਮੈਂਟ ਰਿਸਰਚ ਫਾਊਂਡੇਸ਼ਨ, ਪੂਨੇ ਤੋਂ ਸਹਿਯੋਗ ਪ੍ਰਾਪਤ ਮਹਾਰਾਸ਼ਟਰਾ ਇੰਸਟੀਚਿਊਟ ਆਫ ਟੈਕਨੌਲੌਜੀ ਟਰਾਂਸਫਰ ਫਾਰ ਰੂਰਲ ਇੰਡੀਆ (ਐੱਮ. ਆਈ. ਟੀ. ਟੀ. ਆਰ. ਏ.) ਦੁਆਰਾ ਛੋਟੇ ਕਿਸਾਨਾਂ ਲਈ ਚਿਰਸਥਾਈ ਆਮਦਨ ਯਕੀਨੀ ਬਣਾਉਣ ਹਿੱਤ ਮਦਦ ਕਰਨ ਲਈ ਖੇਤੀ ਵਿੱਚ ਰੁੱਖਾਂ 'ਤੇ ਆਧਾਰਿਤ 'ਵਾੜੀ' ਨਾਮਕ ਵਣ-ਬਾਗ-ਖੇਤੀ ਮਾਡਲ ਦਾ ਪ੍ਰਸਾਰ ਕੀਤਾ ਗਿਆ। 'ਵਾੜੀ' ਮਾਡਲ ਦੇ ਤਹਿਤ ਇੱਕ ਏਕੜ ਜ਼ਮੀਨ ਵਿੱਚ 2-3 ਕਿਸਮਾਂ ਦੇ 50-60 ਪੌਦ ਕੀਤੇ ਹੋਏ ਰੱਖ ਲਾਉਣ ਦੇ ਨਾਲ- ਨਾਲ ਜ਼ਮੀਨ ਦੀਆਂ ਚਾਰੇ ਕੰਨੀਆਂ 'ਤੇ ਵਣਖੇਤੀ ਕੀਤੀ ਜਾਂਦੀ ਹੈ। ਇੱਕ ਏਕੜ ਜ਼ਮੀਨ ਨੂੰ ਸਜੀਵ ਅਤੇ ਨਿਰਜੀਵ ਵਾੜ ਵੀ ਕੀਤੀ ਜਾਂਦੀ ਹੈ। ਇਹ ਪ੍ਰੋਗਰਾਮ 5 ਏਕੜ ਤੋਂ ਘੱਟ ਦੀ ਮਲਕੀਅਤ ਵਾਲੇ ਛੋਟੇ ਕਿਸਾਨਾਂ ਲਈ ਚਲਾਇਆ ਜਾ ਰਿਹਾ ਹੈ। ਉਹਨਾਂ ਨੂੰ ਸੁਧਾਰਿਤ ਖੇਤੀ ਅਤੇ ਸਬਜ਼ੀਆਂ ਦੀ ਕਾਸ਼ਤ ਦੇ ਨਾਲ-ਨਾਲ ਜੈਵਿਕ ਖਾਦ ਬਣਾਉਣ ਲਈ ਟੋਏ ਪੁੱਟਣ, ਕਲਮਾਂ ਚੁਣਨ, ਪੌਦੇ ਲਾਉਣ ਅਤੇ ਫਿਰ ਉਹਨਾਂ ਦੀ ਸਹੀ ਦੇਖਭਾਲ ਲਈ ਤਕਨੀਕੀ ਸਹਿਯੋਗ ਦਿੱਤਾ ਜਾਂਦਾ ਹੈ।

ਸ਼ੁਰੂਆਤ ਵਿੱਚ ਵਾੜੀ ਮਾਡਲ ਕਿਸਾਨਾਂ ਨਾਲ ਪਿੰਡ ਪੱਧਰੀ ਮੀਟਿੰਗਾਂ 'ਚ ਸਾਂਝਾ ਕੀਤਾ ਅਤੇ ਵਿਚਾਰਿਆ ਗਿਆ। ਭੈਂਦੀਪਾੜਾ ਪਿੰਡ ਦੇ ਲੋਕ ਵਾੜੀ ਮਾਡਲ ਨੂੰ ਅਪਣਾਉਣ ਲਈ ਰਾਜ਼ੀ ਨਹੀਂ ਸਨ। ਬਹੁਤੇ ਕਿਸਾਨ ਬਰਾਨੀ ਖੇਤਰ ਦੀਆਂ ਅਸਾਧਾਰਣ ਹਾਲਤਾਂ ਵਿੱਚ ਪੌਦ ਪੌਦਿਆਂ ਦਾ ਸਫਲ ਹੋਣ ਬਾਰੇ ਚਿੰਤਾਤੁਰ ਸਨ। ਕੁੱਝ ਇੱਕ ਨੂੰ ਇਹ ਡਰ ਵੀ ਸੀ ਕਿ ਇਹ ਬਾਹਰੀ ਲੋਕ ਉਹਨਾਂ ਦੀ ਜ਼ਮੀਨਾ ਹਥਿਆ ਲੈਣਗੇ। ਉਹਨਾਂ ਯਕੀਨ ਦਿਵਾਉਣ ਲਈ ਉਹਨਾਂ ਵਿੱਚੋਂ ਕੁੱਝ ਚੋਣਵੇਂ ਕਿਸਾਨਾਂ ਨੂੰ ਗੁਜਰਾਤ ਲਿਜਾਇਆ ਗਿਆ ਜਿੱਥੇ ਕਿ ਬੀ. ਏ. ਆਈ. ਐਫ. ਸਫਲਤਾਪੂਰਵਕ ਅਨੇਕਾਂਨੇਕ 'ਵਾੜੀਆਂ' ਜ਼ਮੀਨ 'ਤੇ ਉਤਾਰ ਚੁੱਕੀ ਸੀ। ਗਨੇਸ਼ ਵਾੜੀ ਲਾਉਣ ਵਾਲਾ ਪਹਿਲਾ ਸ਼ਖਸ਼ ਸੀ। ਹਾਲਾਂਕਿ ਲੋਕ ਉਸਦਾ ਮਜਾਕ ਉੜਾਉਂਦੇ ਸਨ ਉਸ 'ਤੇ ਫਬਤੀਆਂ ਕਸਦੇ ਸਨ ਪਰ ਉਸਨੇ ਕੋਈ ਪਰਵਾਹ ਨਹੀਂ ਕੀਤੀ। ਉਸਨੂੰਪਰਿਵਾਰ ਵਿੱਚ ਆਪਣੇ ਵੱਡਿਆਂ ਦਾ ਭਾਰੀ ਵਿਰੋਧ ਝੱਲਣਾ ਪਿਆ ਕਿਉਂਕਿ ਗਨੇਸ਼ ਦੇ ਦਾਦਾ ਜੀ ਪਹਿਲਾਂ ਹੀ ਵਣਖੇਤੀ 'ਚ ਫ਼ੇਲ ਹੋ ਚੁੱਕੇ ਸਨ। ਗਣੇਸ਼ ਦੇ ਦਾਦਾ ਜੀ ਨੇ 20 ਵਰ੍ਹੇ ਪਹਿਲਾਂ 1,000 ਰੁਪਏ ਦਾ ਕਰਜ਼ ਚੁੱਕ ਕੇ ਖੇਤ 'ਚ ਲਾਉਣ ਲਈ ਅਲਫਾਂਸੋ ਅੰਬ ਦੇ 50 ਪੌਦ ਪੌਦੇ ਖਰੀਦੇ ਸਨ। ਪਰੰਤੂ ਉਹ ਚਾਹ ਕੇ ਵੀ ਉਹਨਾਂ ਪੌਦਿਆਂ ਨੂੰ ਪਾਲ ਨਾ ਸਕਿਆ ਕਿਉਂਕਿ ਉਹ ਸਖਤ ਬਰਾਨੀ ਹਾਲਤਾਂ 'ਚ ਜ਼ਿੰਦਾ ਨਾ ਰਹਿ ਸਕੇ। ਹੁਣ ਤੱਕ ਉਹਨਾਂ ਦੇ ਸਿਰ ਕਰਜ਼ 1,000 ਤੋਂ 5,000 ਹੋ ਗਿਆ ਸੀ ਜਿਹੜਾ ਕਿ ਨਹੀਂ ਮੋੜ ਸਕੇ।

ਪਰ ਗਣੇਸ਼ 'ਵਾੜੀ' ਮਾਡਲ ਨੂੰ ਅਜ਼ਮਾਉਣ ਲਈ ਕਾਫੀ ਉਤਸਾਹਿਤ ਸੀ। ਉਸਨੇ ਮਹਿਸੂਸ ਕੀਤਾ ਕਿ ਇਹ ਕੰਮ ਉਸਨੂੰ ਖਰੀਫ ਸੀਜਨ ਉਪਰੰਤ ਮੁੰਬਈ, ਨਾਸਿਕ ਵੱਲ ਪਰਵਾਸ ਕਰਨ ਦੀ ਬਜਾਏ ਆਪਣੇ ਪਿੰਡ 'ਚ ਹੀ ਰਹਿਣ ਵਿੱਚ ਸਹਾਈ ਹੋਵੇਗਾ। 2000-01 ਵਿੱਚ ਗਣੇਸ਼ ਨੇ ਬੀ. ਏ. ਆਈ. ਐੱਫ. ਦੇ 'ਵਾੜੀ' ਪ੍ਰੋਗਰਾਮ ਵਿੱਚ ਹਿੱਸਾ ਲੈਣ ਦਾ ਫੈਸਲਾ ਕੀਤਾ ਅਤੇ ਇੱਕ ਏਕੜ ਦੇ ਇੱਕ ਟੁਕੜੇ 'ਚ ਅੰਬ ਅਤੇ ਕਾਜੂ ਦੀ ਪਿਉਂਦ ਲਗਾਈ। ਉਸਨੇ ਨਾ ਸਿਰਫ ਪੌਦਿਆਂ ਦੀ ਦੇਖਭਾਲ ਕੀਤੀ ਸਗੋਂ ਜ਼ਮੀਨ ਦੇ ਪੂਰੇ ਟੁਕੜੇ ਵਿੱਚ ਖੇਲਾਂ/ਨਾਲੀਆਂ ਬਣਾ ਕੇ ਭੂਮੀ ਅਤੇ ਜਲ ਸੰਰੱਖਿਅਣ ਵੀ ਕੀਤਾ। ਉਹ ਟੋਏ ਪੁੱਟਣ, ਖਾਦ ਪਾਉਣ, ਪੌਦਿਆਂ ਦੀ ਸਹੀ ਦੇਖਭਾਲ ਅਤੇ ਉਹਨਾਂ ਨੂੰ ਸਮੇਂ-ਸਿਰ ਅਤੇ ਲੋੜ ਅਨੁਸਾਰ ਪਾਣੀ ਦੇਣ ਸਬੰਧੀ ਵਿਗਿਆਨਕ ਜਾਣਕਾਰੀ ਅਤੇ ਤਕਨੀਕਾਂ ਤੋਂ ਜਾਣੂ ਹੋਣ ਲਈ ਪੂਰੀ ਸਰਗਰਮੀ ਨਾਲ 'ਵਾੜੀ' ਲਾਉਣ ਵਾਲੇ ਕਿਸਾਨ ਸਮੂਹ ਦੀਆਂ ਮੀਟਿੰਗਾਂ ਸ਼ਾਮਿਲ ਹੁੰਦਾ ਰਿਹਾ। ਮੌਜੂਦਾ ਸਮੇਂ ਵਣੀਕਰਨ ਦੇ ਨਾਲ-ਨਾਲ ਪੂਰੀ ਕਾਮਯਾਬੀ ਨਾਲ 60 ਫਲਦਾਰ ਪੌਦੇ ਆਪਣੇ ਖੇਤ ਖੜੇ ਕਰ ਚੁੱਕਿਆ ਹੈ। ਉਸਨੇ ਸਬਜ਼ੀਆਂ ਦੀ ਖੇਤੀ ਵੀ ਸ਼ੁਰੂ ਕਰ ਦਿੱਤੀ ਹੈ।

ਅੱਗੇ ਚੱਲ ਕੇ ਉਸਨੇ ਉਸੇ ਖੇਤ ਅੰਦਰ 200 ਵਰਗ ਮੀਟਰ ਜਗ੍ਹਾ ਅੰਤਰ ਫਸਲ ਵਜੋਂ ਗਲਾਰਡੀਆ ਅਤੇ ਗੇਂਦੇ ਦੇ ਫੁੱਲਾਂ ਦੀ ਖੇਤੀ 'ਚ ਵੀ ਹੱਥ ਅਜਮਾਇਆ। ਉਹ ਇੱਥੇ ਹੀ ਨਹੀਂ ਰੁਕਿਆ ਸਗੋਂ 0.5 ਏਕੜ ਵਿੱਚ ਵੱਡੀ ਸੰਖਿਆ 'ਚ ਸਫੈਦਾ ਲਗਾ ਕੇ ਸਰਕਾਰ ਦੇ ਵਣਵਾਸੀ ਵਿਭਾਗ ਤੋਂ ਪੌਦਿਆਂ ਨੂੰ ਸਿੰਜਣ ਲਈ ਡੀਜ਼ਲ ਇੰਜਣ ਜੁਟਾਉਣ 'ਚ ਵੀ ਸਫਲ ਰਿਹਾ। 2010 ਵਿੱਚ ਗਣੇਸ਼ ਨੇ ਆਪਣੀ ਇੱਕ ਏਕੜ ਜ਼ਮੀਨ ਤੋਂ 30,680 ਰੁਪਏ ਕਮਾਏ। 'ਵਾੜੀ' ਪਲਾਟ 'ਚੋਂ ਗਣੇਸ਼ ਦੀ ਸਾਲਾਨਾ ਆਮਦਨ ਦਾ ਬਿਉਰਾ ਅਗਲੇ ਪੰਨੇ 'ਤੇ ਬਣੀ ਸਾਰਣੀ ਵਿੱਚ ਦਿੱਤਾ

ਵਾੜੀ ਪ੍ਰਬੰਧਨ: ਭਾਗੀਦਾਰ ਕਿਸਾਨ ਦਾ ਵਾੜੀ ਟੁਕੜੀ ਨਾਮਕ ਇੱਕ10 ਮੈਂਬਰੀ ਸਮੂਹ ਬਣਾਇਆ ਜਾਂਦਾ ਹੈ। ਮਹੀਨਾਵਾਰ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ ।ਇਹਨਾਂ ਮੀਟਿੰਗਾਂ ਵਿੱਚ ਸਮੂਹ ਦੀ ਗਤੀਵਿਧੀਆਂ, ਮੰਡੀਕਰਨ ਅਤੇ ਰੁੱਖਾਂ ਤੋਂ ਪ੍ਰਾਪਤ ਉਪਜ ਦੀ ਪ੍ਰੋਸੈਸਿੰਗ ਸਬੰਧੀ ਮੁੱਦੇ ਵਿਚਾਰੇ ਜਾਂਦੇ ਹਨ। ਸਵੈ-ਸਹਾਇਤਾ ਸਮੂਹਾਂ ਰਾਹੀਂ ਔਰਤਾਂ ਵੀ ਇਹਨਾਂ ਮੀਟਿੰਗਾਂ ਵਿੱਚ ਸ਼ਾਮਿਲ ਹੁੰਦੀਆਂ ਹਨ ਅਤੇ ਵਾੜੀ 'ਚ ਲਾਏ ਪੌਦਿਆਂ ਦੇ ਵਿਕਾਸ, ਬੱਚਤ, ਸਿਹਤ, ਉਤਪਾਦਾਂ ਦੇ ਮੰਡੀਕਰਨ ਆਦਿ ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਕਰਦੀਆਂ ਹਨ। ਹੁਣ ਵਾੜੀ ਟੁਕੜੀ ਅਤੇ ਸਵੈਸੇਵੀ ਸਮੂਹਾਂ ਦੇ ਪ੍ਰਤਿਨਿਧੀਆਂ ਨੇ ਕਾਜੂ, ਅੰਬ ਅਤੇ ਸਬਜ਼ੀਆਂ ਵਰਗੇ ਉਤਪਾਦਾਂ ਦੀ ਪ੍ਰੋਸੈਸਿੰਗ ਅਤੇ ਮਾਰਕੀਟਿੰਗ ਹਿੱਤ ਦੂਰਗਾਮੀ ਯੋਜਨਾ ਬਣਾਉਣ ਲਈ ਇੱਕ 'ਵਿਭਾਗ' ਬਣਾਇਆ ਹੈ। ਇਸ ਵੇਲੇ ਕਾਜੂ ਪ੍ਰੋਸੈਸਿੰਗ ਦੀ ਦੇਖਰੇਖ ਭਾਗੀਦਾਰਾਂ ਦੁਆਰਾ ਹੀ ਕੀਤੀ ਜਾਂਦੀ ਹੈ।

'ਵਿਭਾਗ' ਅੱਗੇ ਫਸੁੰਧਰਾ ਐਗਰੀ-ਹਾਰਟੀ ਪ੍ਰੋਡਿਊਸਰਜ ਕੰਪਨੀ ਨਾਮਕ ਉਤਪਾਦਕ ਸੰਗਠਨ ਨਾਲ ਜੁੜੇ ਹੋਏ ਹਨਜਿਹੜਾ ਕਿ ਕਿਸਾਨਾਂ ਇਕੱਠਿਆਂ ਕਰਕੇ ਉਹਨਾਂ ਦੀ ਉਪਜ ਦੇ ਮੰਡੀਕਰਨ ਵਿੱਚ ਉਹਨਾਂ ਦੀ ਮਦਦ ਕਰਦਾ ਹੈ। ਗਣੇਸ਼ ਛਾਇਆਦਰੀ ਵਿਭਾਗ ਦਾ ਮੈਂਬਰ ਹੈ, ਜਿਹੜਾ ਕਿ ਕਾਜੂ ਅਤੇ ਅੰਬ ਦੀ ਉਪਜ ਨੂੰ ਸਹੇਜਣ ਅਤੇ ਪ੍ਰੋਸੈਸਿੰਗ ਕਰਨ 'ਚ ਮੋਹਰੀ ਹੈ। ਉਹ ਵਿਭਾਗ ਦੀ ਕਾਜੂ ਇਕੱਠੇ ਕਰਨ ਦਾ ਕੰਮ ਦੇਖਦਾ ਹੈ। ਉਸਨੇ ਵਿਭਾਗ ਨੂੰ ਕਾਜੂ ਪ੍ਰੋਸੈਸਿੰਗ ਯੂਨਿਟ ਲਾਉਣ ਲਈ ਆਪਣੀ ਇੱਕ ਏਕੜ ਜ਼ਮੀਨ ਵੀ ਦਾਨ ਦਿੱਤੀ ਹੈ।

ਕੰਮ ਦਾ ਪਸਾਰ: ਗਣੇਸ਼ ਦੀ ਕਾਮਯਾਬੀ ਤੋਂ ਪ੍ਰੇਰਤ ਹੋ ਕੇ ਭੈਂਦੀਪਾੜਾ ਪਿੰਡ69 ਹੋਰ ਵਣਵਾਸੀ ਕਿਸਾਨ ਵਾੜੀਆਂ ਲਾਉਣ ਦੇ ਪ੍ਰੋਗਰਾਮ ਵਿੱਚ ਸ਼ਾਮਿਲ ਹੋਏ ਹਨ। ਮਿੱਤਰਾ ਮਹਾਰਾਸ਼ਟਰ ਦਾ ਨਾਸਿਕ ਜ਼ਿਲ੍ਹੇ ਮੋਖੜਾ ਤਹਿਸੀਲ ਦੇ 1658 ਪਰਿਵਾਰਾਂ ਦੀ 1405.50 ਏਕੜ ਸਮੇਤ ਮੋਖਡਾ, ਸੁਰਗਨਾ, ਪੈਂਤ ਅਤੇ ਤ੍ਰਿਬੰਕ ਬਲਾਕਾਂ ਵਿੱਚ ਵਣਵਾਸੀ ਵਿਕਾਸ ਪ੍ਰੋਗਰਾਮ ਤਹਿਤ 13848 ਪਰਿਵਾਰਾਂ ਦੀ 12293.5 ਏਕੜ ਰਕਬੇ ਵਿੱਚ ਕਾਮਯਾਬੀ ਨਾਲ ਖੇਤੀ ਦਾ 'ਵਾੜੀ' ਮਾਡਲ ਲਾਗੂ ਕਰਨ ਵਿੱਚ ਸਫਲ ਹੋਈ ਹੈ। ਅੱਜ ਨਾਸਿਕ ਅਤੇ ਥਾਨੇ ਜ਼ਿਲ੍ਹਿਆਂ ਦੀਆਂ ਪੈਂਤ, ਸੁਰਗਨਾ, ਤ੍ਰਿੰਬਕ ਅਤੇ ਮੋਖੜਾ ਤਹਿਸੀਲਾਂ ਦੀ ਸਮੁੱਚੀਆਂ ਵਰਤੋਂ ਰਹਿਤ/ਬੇਕਾਰ ਜ਼ਮੀਨਾਂ ਅੰਬ ਅਤੇ ਕਾਜੂ ਪੈਦਾਵਾਰ ਵਾਲੀਆਂ ਉਪਜਾਊ ਜ਼ਮੀਨਾਂ 'ਚ ਬਦਲ ਗਈਆਂ ਹਨ।

♦

ਬੀ. ਵੀ. ਸ਼ੇਰਕਰ
ਜੋਆਇੰਟ ਪ੍ਰੋਗਰਾਮ ਡਾਇਰੈਕਟਰ
ਆਰ. ਸੀ. ਕੋਟੇ
ਅਸਿਸਟੈਂਟ ਥਿਮੈਟਿਕ ਪ੍ਰੋਗਰਾਮ ਐਗਜ਼ੀਕਿਊਟਿਵ
ਬੀ. ਏ. ਆਈ. ਐੱਫ. ਡਿਵੈਲਪਮੈਂਟ ਰਿਸਰਚ ਫਾਊਂਡੇਸ਼ਨ
ਪੂਨੇ ਈਮੇਲ: mittra_nsk@data1.in

ਸਾਲ	ਅੰਬ		ਕਾਜੂ		ਸਬਜ਼ੀਆਂ ਤੋਂ ਕਮਾਈ	ਫੁੱਲਾਂ ਤੋਂ ਕਮਾਈ	ਕੁੱਲ ਕਮਾਈ
	ਝਾੜ ਕਿੱਲੋਗ੍ਰਾਮਾਂ 'ਚ	ਕਮਾਈ	ਝਾੜ ਕਿਲੋਗ੍ਰਾਮਾਂ 'ਚ	ਕਮਾਈ			
2004	–	–	50	1750	–	–	1750
2005	–	–	60	2100	–	–	3300
2006	30	1500	105	3675	800	1200	15575
2007	60	2400	125	4375	2600	9600	16975
2008	90	3600	200	7000	3500	7600	22100
2009	45	1800	237	9480	3000	8000	22780
2010	400	10000	174	7830	3600	8500	30680
						9250	